# ਗੁਰਮਤਿ ਪਰਿਪੇਖ ਅਤੇ ਅਧਿਆਤਮ ਵਿਚਾਰਧਾਰਾ

ਡਾ. ਗੁਰਜੀਤ ਸਿੰਘ*

*ਅਸੈਸਟੈਂਟ ਪ੍ਰੋਫੈਸਰ,*
*ਹੈੱਡ ਆਫ ਡਿਪਾਰਟਮੈਂਟ, ਰਿਲੀਜੀਅਸ ਸਟੱਡੀਜ*
*ਯੂਨੀਵਰਸਿਟੀ ਕਾਲਜ ਆਫ ਬੇਸਿਕ ਸਾਇੰਸ ਐਂਡ ਹਿਊਮਨਿਟੀਜ*
*ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਭਾਰਤ*

***Email ID**: bsingh040980@gmail.com*

**Accepted**: 08.11.2022 **Published**: 01.12.2022

**ਕੀਵਰਡਸ:** ਗੁਰੂ ਮਤੀ ਪਰਿਪੇਖ, ਅਧਿਆਤਮਿਕ ਵਿਚਾਰਧਾਰਾ

**ਸਾਰ**

*ਇਲਹਾਮ (Revelation) ਹਰ ਧਰਮ ਦਾ ਕਿਸੇ ਨਾ ਕਿਸੇ ਰੂਪ ਵਿੱਚ ਮੂਲ ਸੋਮਾ ਹੈ। ਸਿੱਖ ਧਰਮ ਵੀ ਇਕ ਇਲਹਾਮੀ ਧਰਮ ਹੈ। ਸਿੱਖ ਧਰਮ-ਦਰਸ਼ਨ ਵਿੱਚ ਇਲਹਾਮ ਦਾ ਮਾਧਿਅਮ ਸ਼ਬਦ ਹੈ ਅਤੇ ਸ਼ਬਦ ਨੂੰ "ਬਾਣੀ" ਕਿਹਾ ਗਿਆ ਹੈ। ਇਸ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਅਤੇ ਇਸ ਦਾ ਆਰੰਭ "ਵੇਈਂ ਨਦੀ ਪ੍ਰਵੇਸ਼" ਮੰਨਿਆ ਗਿਆ ਹੈ। ਸਿੱਖ ਧਰਮ ਵਿੱਚ ਇਲਹਾਮ ਦਾ ਵਿਚਾਰ ਪ੍ਰਚਲਿਤ ਧਰਮਾਂ ਨਾਲੋਂ ਵਿਲੱਖਣ ਹੈ। ਪਰਮਾਤਮਾ ਦੇ ਅਵਤਾਰ ਧਾਰਨ ਦੇ ਪਰੰਪਰਕ ਵਿਚਾਰ ਨੂੰ ਏਸੇ ਤਰ੍ਹਾਂ ਪਰਵਾਨ ਨਹੀਂ ਕੀਤਾ ਗਿਆ ਹੈ। ਗੁਰੂ ਆਪਣੇ ਆਪ ਨੂੰ ਰੱਬ ਦੇ ਅਵਤਾਰ ਹੋਣ ਦਾ ਦਾਅਵਾ ਨਹੀਂ ਕਰਦੇ, ਕਿਉਂਕਿ ਦੈਵੀ ਸਰੀਰਕਤਾ ਨੂੰ ਰੱਦ ਕੀਤਾ ਗਿਆ ਹੈ। ਇਸ ਥਾਂ ਤੇ ਬਾਣੀ ਵਿੱਚ ਸ਼ਾਮਲ ਗਿਆਨ ਨੂੰ ਵਾਹਿਗੁਰੂ ਵੱਲੋਂ ਬਖਸ਼ਿਆ ਹੋਇਆ ਇਲਹਾਮ ਮੰਨਿਆ ਗਿਆ ਹੈ। ਇਹੀ ਧੁਰੋਂ ਆਇਆ ਗਿਆਨ ਮੰਨਿਆ ਗਿਆ ਹੈ। ਇਸ ਦੇ ਬਹੁਤ ਸਾਰੇ ਸੰਕੇਤ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਿਲਦੇ ਹਨ। ਗੁਰੂ ਸਾਹਿਬਾਨ ਨੂੰ ਸਤਿ ਦਾ ਸਿੱਧਾ ਅਨੁਭਵ ਹੋਇਆ ਅਤੇ ਉਨ੍ਹਾਂ ਨੇ ਇਸ ਅਨੁਭਵ ਦਾ ਆਪਣੀ ਭਾਸ਼ਾ ਵਿੱਚ ਪ੍ਰਗਟਾਵਾ ਕੀਤਾ। ਪਰਮਾਤਮਾ ਨਾਲ ਮੇਲ ਤੋਂ ਗੁਰੂ ਸਾਹਿਬਾਨ ਨੂੰ ਜਿਸ ਸਤਿ ਦੀ ਪ੍ਰਾਪਤੀ ਹੋਈ, ਸ੍ਰੀ ਗੁਰੂ ਗ੍ਰੰਥ ਸਾਹਿਬ ਉਸ ਦਾ ਲਿਖਤੀ ਪ੍ਰਮਾਣ ਹੈ। ਗੁਰੂ ਸਾਹਿਬ ਅਨੁਸਾਰ ਵਾਹਿਗੁਰੂ ਆਪ ਬਾਣੀ ਅਤੇ ਕਦੀਮੀ ਸ਼ਬਦ ਦਾ ਸੋਮਾ ਹੈ। ਗੁਰਬਾਣੀ ਅਨੁਸਾਰ ਮਨੁੱਖ ਵਾਹਿਗੁਰੂ ਨਾਲ, ਉਸ ਦੇ ਨਾਮ ਰਾਹੀਂ, ਸਿੱਧਾ ਮੇਲ ਪ੍ਰਾਪਤ ਕਰ ਸਕਦਾ ਹੈ। ਗੁਰੂ ਇਸ ਵਾਸਤੇ ਸਮਰਥ ਮਾਧਿਅਮ ਮੰਨਿਆ ਹੋਇਆ ਹੈ। ਸੋ ਮਨੁੱਖ ਗੁਰੂ ਰਾਹੀਂ ਵਾਹਿਗੁਰੂ ਦੇ ਨਾਮ ਦਾ ਅਨੁਭਵ ਕਰ ਸਕਦਾ ਹੈ। ਗੁਰੂ ਸੱਚਾ ਅਤੇ ਪੂਰਨ ਗੁਰੂ ਹੋਣਾ ਚਾਹੀਦਾ ਹੈ, ਜਿਸ ਨੇ ਆਪ ਵਾਹਿਗੁਰੂ ਦਾ ਅਨੁਭਵ ਕੀਤਾ ਹੋਵੇ। ਉਹ ਲੋਕਾਂ ਦੀ ਅਗਵਾਈ ਕਰ ਸਕਦਾ ਅਤੇ ਉਨ੍ਹਾਂ ਨੂੰ ਇਕ ਤੇ ਕੇਵਲ ਇਕ ਪਰਮਾਤਮਾ ਦੀ ਭਗਤੀ ਕਰਨ ਦਾ ਰਾਹ ਦੱਸ ਸਕਦਾ ਹੋਵੇ। ਗੁਰੂ ਲੋਕਾਂ ਨੂੰ ਆਪਣੀ ਪੂਜਾ ਕਰਾਉਣ ਵੱਲ ਲਾਉਣ ਦੀ ਥਾਂ ਸਤਿ ਦੇ ਸ਼ਬਦ ਪ੍ਰਗਟਾਵੇ ਵਿੱਚ ਵਿਸ਼ਵਾਸ਼ ਨੂੰ ਦ੍ਰਿੜ ਕਰਵਾਉਣ ਵਾਲਾ ਚਾਹੀਦਾ ਹੈ। ਇਹੀ ਸ਼ਬਦ ਗੁਰੂ ਦਾ ਆਰੰਭ ਹੈ ਅਤੇ ਇਸ ਨਾਲ ਸਰੀਰੀ ਗੁਰੂ ਦੇ ਪ੍ਰਚਲਤ ਮਾਡਲ ਦਾ ਬਦਲ ਸਾਹਮਣੇ ਆ ਜਾਂਦਾ ਹੈ।*

**Paper Identification**

**Corresponding Author*

ਗੁਰੂ ਸਾਹਿਬਾਨ ਨੇ ਸ਼ਬਦ-ਗੁਰੂ ਦੀ ਜੁਗਤਿ ਪ੍ਰਸਤੁਤ ਕੀਤੀ ਹੈ। ਉਨ੍ਹਾਂ ਨੇ ਆਪਣੇ ਸਰੀਰਕ ਰੂਪ ਨੂੰ ਜ਼ਿਆਦਾ ਮਹੱਤਵ ਨਹੀਂ ਦਿੱਤਾ। ਗੁਰੂ ਸਰੀਰਕ ਰੂਪ ਵਿੱਚ ਬਿਨਸਣਹਾਰ ਹੈ, ਕਿਉਂਕਿ ਸਰੀਰ ਪੰਜ ਤੱਤਾਂ ਤੋਂ ਬਣਿਆ ਹੈ ਜੋ ਕਿ ਸਦੀਵੀ ਨਹੀਂ ਹਨ। ਕੇਵਲ ਸ਼ਬਦ ਹੀ ਸਦੀਵੀ ਹੈ, ਜਿਸ ਕਰਕੇ ਸ਼ਬਦ ਨੂੰ ਹੀ ਗੁਰੂ ਦਾ ਦਰਜਾ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਆਦਿ ਸਾਰੇ ਗੁਰੂ ਸਾਹਿਬਾਨ ਨੇ

ਬਾਣੀ ਅਤੇ ਸ਼ਬਦ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ। ਚੌਥੇ ਗੁਰੂ ਰਾਮਦਾਸ ਜੀ ਅਨੁਸਾਰ, ਗੁਰੂ ਅਤੇ ਉਸ ਦੀ ਬਾਣੀ ਵਿੱਚ ਕੋਈ ਭਿੰਨਤਾ ਨਹੀਂ ਹੈ। ਗੁਰੂ ਦੀ ਬਾਣੀ, ਗੁਰੂ ਦਾ ਪ੍ਰਤੱਖ ਰੂਪ ਹੈ ਅਤੇ ਗੁਰੂ ਆਪਣੀ ਬਾਣੀ ਵਿੱਚ ਹੀ ਵੱਸਦਾ ਹੈ। ਇਹ ਵੀ ਦੱਸਿਆ ਹੋਇਆ ਹੈ ਕਿ ਬਾਣੀ ਵਿੱਚ ਹੀ ਅੰਮ੍ਰਿਤ ਹੈ ਜੋ ਅਧਿਆਤਮਕ ਜ਼ਿੰਦਗੀ ਦਾ ਸੋਮਾ ਹੈ। ਗੁਰੂ ਬਾਣੀ ਨੂੰ ਬੋਲਦਾ ਹੈ ਤੇ ਖੋਜੀ ਵਾਸਤੇ ਇਸ ਨੂੰ ਮੰਨਣਾ ਜ਼ਰੂਰੀ ਦੱਸਿਆ ਹੈ। ਗੁਰੂ ਆਪਣੇ ਆਪ ਨੂੰ ਬਾਣੀ ਵਿੱਚ ਪ੍ਰਗਟ ਕਰ ਕੇ ਖੋਜੀ ਨੂੰ ਤਾਰਦਾ ਹੈ। ਸਿੱਖ ਧਰਮ ਚਿੰਤਨ ਦਾ ਇਹ ਵਿਲੱਖਣ ਚਿੰਨ੍ਹ ਹੈ ਕਿ ਗੁਰੂ ਨੂੰ ਸਦੀਵੀ ਅਤੇ ਸੰਪੂਰਨ ਬਾਣੀ ਅਤੇ ਸ਼ਬਦ ਦੇ ਰੂਪ ਵਿੱਚ ਮੰਨਿਆ ਗਿਆ ਹੈ। ਗੁਰੂ ਦੇ ਦੇਹਧਾਰੀ ਰੂਪ ਨੂੰ ਬਾਣੀ ਦਾ ਬਦਲ ਪਰਵਾਨ ਨਹੀਂ ਕੀਤਾ ਗਿਆ ਕਿਉਂਕਿ ਦੇਹਧਾਰੀ ਸਰੂਪ ਅਸਥਾਈ ਹੈ ਅਤੇ ਗੁਰੂ ਦਾ ਸ਼ਬਦ ਜਾਂ ਗੁਰੂ ਦੀ ਬਾਣੀ ਅਮਰ ਹੈ। ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਵੀ ਬਾਣੀ ਨੂੰ ਗੁਰੂ ਦਾ ਦਰਜਾ ਦਿੱਤਾ ਹੈ, ਗੁਰੂ ਦਾ ਰੂਪ ਦੱਸਿਆ ਅਤੇ ਦਸਵੇਂ-ਗੁਰੂ ਗੁਰੂ ਗੋਬਿੰਦ ਸਿੰਘ ਨੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ 'ਜਾਗਿਤ ਜੋਤਿ' ਗੁਰੂ ਦਾ ਦਰਜਾ ਸਿਧਾਂਤ ਰੂਪ ਵਿੱਚ ਦਿੱਤਾ ਹੋਇਆ ਹੈ। ਉਨ੍ਹਾਂ ਨੇ ਸਿੱਖ-ਸੰਗਤਿ ਨੂੰ ਆਪਣੇ ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਅਤੇ ਅਗਵਾਈ ਲੈਣ ਦਾ ਹੁਕਮ ਕੀਤਾ ਹੋਇਆ ਹੈ। ਸਿੱਖ ਧਰਮ ਵਿੱਚ ਬਾਣੀ ਉਤਾਂਹ ਵੱਲ ਉਠਣ ਦੇ ਨਿਯਮ ਵਜੋਂ ਪਰਵਾਨਤ ਹੈ। ਬਾਣੀ ਨੂੰ ਪ੍ਰਾਪਤ ਕਰਨ ਵਾਲੇ ਨੂੰ ਅਧਿਆਤਮਕ ਰੂਪ ਵਿੱਚ ਉੱਨਤੀ ਕਰਨੀ ਪੈਂਦੀ ਹੈ ਅਤੇ ਬਾਣੀ ਵਿੱਚ ਇਹ ਸ਼ਕਤੀ ਹੈ ਕਿ ਉਹ ਮਨੁੱਖਾਂ ਤੋਂ ਦੇਵਤੇ ਬਣਾ ਸਕਦੀ ਹੈ। ਇਸ ਤਰ੍ਹਾਂ ਗੁਰੂ ਬਾਣੀ ਦਾ ਵਿਲੱਖਣ ਚਿੰਨ੍ਹ ਹੈ ਕਿ ਇਹ ਉਤਾਂਹ ਵੱਲ ਉਠਣ ਦੇ ਨਿਯਮ ਵਜੋਂ ਪਰਵਾਨ ਕੀਤੀ ਜਾਵੇ ਅਤੇ ਹੇਠਾਂ ਵੱਲ ਜਾਣ ਦੇ ਨਿਯਮ ਦੇ ਆਧਾਰ ਸਰੀਰੀ-ਗੁਰੂ ਦੇ ਨਿਯਮ ਪ੍ਰਤੀ ਚੇਤੰਨ ਹੋਇਆ ਜਾਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂਆਂ ਦੀ ਬਾਣੀ ਤੋਂ ਇਲਾਵਾ ਭਗਤਾਂ ਅਤੇ ਭੱਟਾਂ, ਗੁਰੂ-ਘਰ ਦੇ ਨਿਕਟਵਰਤੀ ਭਾਈ ਮਰਦਾਨਾ, ਸਤਾ, ਬਲਵੰਡ ਤੇ ਬਾਬਾ ਸੁੰਦਰ ਜੀ ਦੀ ਬਾਣੀ ਵੀ ਸ਼ਾਮਿਲ ਹੈ। ਇਨ੍ਹਾਂ ਵਿੱਚੋਂ ਅਸੀਂ ਇਥੇ ਭਗਤ ਕਬੀਰ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਬਾਣੀ ਦੇ ਗੁਰਮਤਿ ਪਰਿਪੇਖ ਦਾ ਸੰਖੇਪ ਅਧਿਐਨ ਕਰਨਾ ਹੈ। ਇਸ ਦਾ ਸਿਧਾਂਤਕ ਪੱਖ ਵਿਚਾਰਨ ਤੋਂ ਪਹਿਲਾਂ ਇਹ ਦੱਸ ਦੇਣਾ ਜ਼ਰੂਰੀ ਹੋਵੇਗਾ ਕਿ ਭਗਤ ਕਬੀਰ ਜੀ ਨੇ ਜਿਹੜੀਆਂ ਅਧਿਆਤਮਕ ਪ੍ਰਾਪਤੀਆਂ ਕੀਤੀਆਂ, ਉਹ ਕਿਸੇ ਤਰ੍ਹਾਂ ਵੀ ਅਵਤਾਰ-ਪਰੰਪਰਾ ਦੀਆਂ ਅਨੁਸਾਰੀ ਨਹੀਂ ਹਨ। ਕਬੀਰ ਜੀ ਨੇ ਸਧਾਰਨ ਘਰ ਵਿੱਚ ਜਨਮ ਲਿਆ ਤੇ ਸਾਧਾਰਨ ਵਿਅਕਤੀ ਵਾਲਾ ਜੀਵਨ ਜੀਵਿਆ। ਜਨਮ ਸਾਰ ਉਹ ਸਮਾਜਕ ਅੰਧੇਰੇ ਵੱਲ ਧੱਕੇ ਗਏ ਅਤੇ ਆਪਣੀ ਚੇਤਨਾ ਦੇ ਬਲ ਨਾਲ ਇਸ ਅੰਧੇਰ ਵਿੱਚੋਂ ਨਿਕਲਣ ਵਾਸਤੇ ਅਧਿਆਤਮਕ ਰਾਹ ਦੇ ਪਾਂਧੀ ਬਣੇ। ਭਗਤ ਕਬੀਰ ਜੀ ਨੇ ਪ੍ਰਾਪਤ ਧਰਮ-ਪਰੰਪਰਾਵਾਂ ਦਾ ਨੇੜਿਉ ਅਧਿਐਨ ਕੀਤਾ ਅਤੇ ਕਰਾਮਾਤੀ ਪ੍ਰਾਪਤ ਅਧਿਆਤਮਕ ਮਾਡਲ ਦੀ ਥਾਂ ਆਤਮ-ਮਾਡਲ ਦੀ ਚੋਣ ਕੀਤੀ। ਭਗਤ ਕਬੀਰ ਜੀ ਨੇ, ਜਾਤ-ਵੰਡ ਦਾ ਸਮਾਜਕ ਸੰਤਾਪ ਵੀ ਭੋਗਿਆ। ਹਿੰਦੂ ਤੇ ਮੁਸਲਮਾਨ ਦੀ ਧਾਰਮਿਕ ਵੰਡ ਨੂੰ ਵੀ ਝੱਲਿਆ। ਅਨੁਭਵ ਤੇ ਆਧਾਰਤ ਆਤਮ ਮਾਡਲ ਵਿੱਚ ਉਨ੍ਹਾਂ ਦਾ ਹੌਲੀ ਹੌਲੀ ਵਿਸ਼ਵਾਸ਼ ਬੱਝ ਗਿਆ। ਉਨ੍ਹਾਂ ਨੇ ਆਪਣੀਆਂ ਸਥਾਪਨਾਵਾਂ ਵਿੱਚ ਬੰਦੇ ਜਾਂ ਸਰੀਰੀ-ਮਾਧਿਆਮ ਨੂੰ ਕਲਿਆਣਕਾਰੀ ਵਿਚੋਲਾ ਮੰਨਣ ਤੋਂ ਇਨਕਾਰ ਕੀਤਾ। ਬੰਦੇ ਅਤੇ ਬੰਦੇ ਦੀ ਜਨਮ ਤੋਂ ਵੰਡ ਨੂੰ ਅਸਵੀਕਾਰ ਕੀਤਾ। ਇਸ ਤਰ੍ਹਾਂ ਭਗਤ ਕਬੀਰ ਜੀ ਅਤੇ ਅਧਿਆਤਮਕਤਾ ਦੇ ਸਿਧਾਂਤਕ ਪਰਿਪੇਖ ਵਿੱਚ ਉਨ੍ਹਾਂ ਮੂਲ ਧਾਰਨਾਵਾਂ ਤੋਂ ਪ੍ਰੀਚਿਤ ਹੋ ਗਏ, ਜਿਨ੍ਹਾਂ ਨੂੰ ਭਗਤੀ ਲਹਿਰ ਨੇ ਮਾਨਤਾ ਦਿਵਾਉਣ ਵਿੱਚ ਭਰਪੂਰ ਹਿੱਸਾ ਪਾਇਆ। ਭਗਤ ਕਬੀਰ ਜੀ ਦੇ ਇਸ ਪੱਖ ਨੂੰ ਗੁਰੂ ਨਾਨਕ ਦੇਵ ਜੀ ਨੇ ਮਾਨਤਾ ਦੇਂਦਿਆ, ਉਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕਰਨ ਦਾ ਰਾਹ ਪੱਧਰਾ ਕਰ ਦਿੱਤਾ। ਇਹ ਇਸ ਲਈ ਕਿਹਾ ਹੈ ਤਾਂ ਕਿ ਸਪੱਸ਼ਟ ਹੋ ਜਾਵੇ ਕਿ ਭਗਤ ਕਬੀਰ ਜੀ ਬਾਣੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਮੂਲੀਅਤ ਕਿਸੇ ਤਰ੍ਹਾਂ ਦੀ ਵਕਤੀ ਲੋੜ ਨਹੀਂ ਸੀ। ਭਗਤ ਕਬੀਰ ਜੀ ਭਗਤੀ ਲਹਿਰ ਦੇ ਸੁਤੰਤਰ ਚਿੰਤਕ ਹਨ ਤਾਂ ਇਸ ਚਿੰਤਨ ਦੀਆਂ ਗੁਰਮਤਿ ਨਾਲ ਸਾਂਝਾ ਉੱਚੇ ਪੱਧਰ ਦੀਆਂ ਹਨ। ਇਨ੍ਹਾਂ ਸਾਂਝਾਂ ਨੂੰ ਅਧਿਆਤਮਕ ਅਤੇ ਅਨੁਭਵੀ ਪਰਿਪੇਖ ਵਿੱਚ ਹੀ ਸਮਝਿਆ/ਸਮਝਾਇਆ ਜਾਣਾ ਚਾਹੀਦਾ ਹੈ। ਏਸੇ ਲਈ ਭਗਤ ਕਬੀਰ ਜੀ ਦੇ ਚਿੰਤਨਾਤਮਕ ਆਧਾਰਾਂ ਦਾ ਸੰਖੇਪ ਲੇਖਾ-ਜੋਖਾ ਕੀਤਾ ਜਾ ਰਿਹਾ ਹੈ।

ਭਗਤ ਕਬੀਰ ਇੱਕ ਵਾਹਿਗੁਰੂ ਜਾਂ ਪਰਮਾਤਮਾ ਦੀ ਭਗਤੀ ਕਰਨ ਦੀ ਪ੍ਰੇਰਨਾ ਕਰਦੇ ਹਨ। ਉਨ੍ਹਾਂ ਅਨੁਸਾਰ ਉਹ ਇਕ ਸ਼ਕਤੀ ਹੀ ਸਾਰੇ ਵਿਆਪਕ ਹੈ ਅਤੇ ਮਨੁੱਖ ਦੀ ਇੱਜ਼ਤ ਜਾਂ ਪਤਿ ਉਸ ਇਕ ਵਾਹਿਗੁਰੂ ਨਾਲ ਸਾਂਝ ਪਾਉਣ ਵਿੱਚ ਹੀ ਹੈ। ਮਨੁੱਖ ਦਾ ਆਦਰਸ਼ ਪਰਮਾਤਮਾ ਦੇ ਦਰ ਤੇ ਪਰਵਾਨ ਹੋਣਾ ਹੀ ਹੈ ਅਤੇ ਇਹ ਅਸਲੀ ਇੱਜ਼ਤ ਦੀ ਪ੍ਰਾਪਤੀ ਹੈ। ਭਗਤ ਕਬੀਰ ਜੀ ਨੇ ਵੀ ਸ਼ਬਦ ਦੇ ਲੜ ਲੱਗਣ ਦੀ, ਬਾਣੀ ਦੇ ਲੜ ਲੱਗਣ ਦੀ ਪ੍ਰੇਰਨਾ ਕੀਤੀ ਹੋਈ ਹੈ। ਪਰਮਾਤਮਾ ਨੂੰ ਉਸ ਦੇ ਨਾਮ-ਮਾਰਗ ਤੇ ਚੱਲਿਆ ਜਾਂ ਉਸ ਦੇ ਨਾਮ ਦਾ ਜਾਪ ਕਰਦਿਆਂ, ਆਪਣੇ ਹਿਰਦੇ ਵਿੱਚ ਵਸਾ ਸਕੀਦਾ ਹੈ, ਉਸ ਨੂੰ ਪਾ ਸਕੀਦਾ ਹੈ। ਗੁਰੂ ਨਾਨਕ ਦੇਵ ਜੀ ਰਾਹੀਂ ਦਰਸਾਈ ਅਤੇ ਬਾਕੀ ਗੁਰੂ ਸਾਹਿਬਾਨ ਰਾਹੀਂ ਅੱਗੇ ਤੋਰੀ ਧਾਰਮਿਕ ਜੁਗਤ ਵਿੱਚ, ਗ੍ਰਿਹਸਤ ਨੂੰ ਪ੍ਰਧਾਨਤਾ ਪ੍ਰਾਪਤ ਹੈ। ਗ੍ਰਿਹਸਤ ਤਿਆਗ

ਕੇ, ਜੰਗਲਾ ਵਿਚ ਜਾ ਕੇ, ਸੰਨਿਆਸ ਰਾਹੀਂ ਜਾਂ ਕਠਿਨ ਤਪੱਸਿਆ ਰਾਹੀਂ ਪ੍ਰਭੂ ਦੀ ਪ੍ਰਾਪਤੀ ਸੰਭਵ ਤਾਂ ਹੈ ਪਰ ਇਸ ਨਾਲ ਵਿਅਕਤੀਗਤ ਪ੍ਰਾਪਤੀਆਂ ਹੀ ਸਾਹਮਣੇ ਆਉਂਦੀਆਂ ਹਨ। ਇਹ ਸਮਾਂ ਪਾ ਕੇ ਕਰਾਮਾਤੀ ਪਰਿਪੇਖ ਧਾਰਨ ਕਰ ਜਾਂਦੀਆਂ ਹਨ। ਸੋ ਗੁਰੂ-ਚਿੰਤਨ ਵਿੱਚ ਪਰਵਾਨਤ ਹੈ ਕਿ ਪ੍ਰਭੂ ਦੀ ਪ੍ਰਾਪਤੀ ਸੰਸਾਰ ਵਿੱਚ ਰਹਿੰਦਿਆਂ ਸ਼ਬਦ-ਗੁਰੂ ਦੇ ਲੜ ਲੱਗ ਕੇ, ਵਾਹਿਗੁਰੂ ਦਾ ਨਾਮ ਜਪਿਆਂ, ਆਪਣੇ ਮਨ ਨੂੰ ਗੁਰੂ ਵੱਲ਼ ਲਾ ਕੇ, ਉਸ ਦੇ ਦੱਸੇ ਰਾਹ ਤੇ ਚੱਲ ਕੇ ਸੰਭਵ ਹੈ। ਇਸੇ ਆਧਾਰ ਤੇ ਗੁਰਮਿਤ ਵਿੱਚ ਮਨੁੱਖ ਦੋ ਤਰ੍ਹਾਂ ਦੇ ਪਰਵਾਨ ਕੀਤੇ ਹਨ; ਗੁਰਮੁੱਖ ਤੇ ਮਨਮੁੱਖ। ਗੁਰਮੁੱਖ ਉਹ ਹਨ ਜਿਹੜੇ ਗੁਰੂ ਦੇ ਦੱਸੇ ਰਾਹ ਤੇ ਚਲਦੇ ਹਨ; ਮਨੁਮੁਖ ਉਹਨ ਜਿਹੜੇ ਆਪਣੇ ਮਨ ਦੇ ਪਿੱਛੇ ਲੱਗ ਕੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਵਰਗੇ ਵਿਕਾਰਾਂ ਵਿੱਚ ਪੈ ਜਾਂਦੇ ਹਨ। ਅਜਿਹੇ ਮਨੁੱਖਾਂ ਨੂੰ ਅਗਿਆਨੀ ਅਤੇ ਮੂਰਖ ਵੀ ਕਿਹਾ ਹੈ। ਗੁਰੂ ਨਾਨਕ ਸਾਹਿਬ ਨੇ ਸਥਾਪਤ ਕਰਮ-ਕਾਂਡ ਦੀ ਨਿਖੇਧੀ ਕੀਤੀ ਹੈ ਤੇ ਸਪੱਸ਼ਟ ਕੀਤਾ ਕਿ ਕਰਮ ਕਾਂਡ ਰਾਹੀਂ ਰੱਬ ਨੂੰ ਨਹੀਂ ਪਾ ਸਕੀਦਾ। ਇਸ ਦਾ ਸਭ ਤੋਂ ਵੱਡਾ ਨਮੂਨਾ ਉਨ੍ਹਾਂ ਨੇ ਆਸਾ ਦੀ ਵਾਰ ਅਤੇ ਮਾਝ ਦੀ ਵਾਰ ਵਿੱਚ ਸਾਹਮਣੇ ਰੱਖਿਆ ਹੈ। ਏਸੇ ਸੁਰ ਵਿੱਚ ਭਗਤ ਕਬੀਰ ਨੇ ਵੇਲੇ ਦੇ ਸਥਾਪਤ ਕਰਮ ਕਾਂਡ ਦੀ ਬਹੁਤ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਭਗਤ ਕਬੀਰ ਜੀ ਅਨੁਸਾਰ ਕਿਸੇ ਕਿਸਮ ਦੇ ਵੀ ਕਰਮ ਕਾਂਡ ਰਾਹੀਂ ਵਾਹਿਗੁਰੂ ਨੂੰ ਨਹੀਂ ਪਾ ਸਕੀਦਾ। ਭਗਤ ਕਬੀਰ ਜੀ ਅਨੁਸਾਰ ਜੇ ਨੰਗੇ ਫਿਰਨ ਨਾਲ ਮੁਕਤੀ ਪ੍ਰਾਪਤ ਹੋ ਸਕਦੀ ਹੈ ਤਾਂ ਹਿਰਨ ਜੋ ਸਾਰਾ ਦਿਨ ਨੰਗੇ ਹੀ ਜੰਗਲਾਂ ਵਿੱਚ ਘੁੰਮਦੇ ਹਨ, ਮੁਕਤ ਹੋ ਜਾਣ। ਜੇ ਮਨੁੱਖ ਵਾਹਿਗੁਰੂ ਦਾ ਨਾਮ ਨਹੀਂ ਜਪਦਾ ਤਾਂ ਭਾਵੇਂ ਉਹ ਨੰਗਾ ਰਹੇ ਜਾ ਢੱਕਿਆ ਕੋਈ ਫਰਕ ਨਹੀਂ ਪੈਂਦਾ। ਇਸੇ ਤਰ੍ਹਾਂ ਜੋ ਸਿਰ-ਮੂੰਹ ਮੁੰਡਵਾ ਕੇ ਹੀ ਮਨੁੱਖ ਸਿਧੀ ਪ੍ਰਾਪਤ ਕਰ ਸਕਦਾ ਹੈ ਤਾਂ ਸਾਰੀਆਂ ਭੇਡਾਂ ਜਿਨ੍ਹਾਂ ਨੂੰ ਹਮੇਸ਼ਾ ਮੁੰਨਿਆ ਜਾਂਦਾ ਹੈ, ਮੁਕਤ ਹੋ ਜਾਣ। ਜੇ ਗ੍ਰਹਿਸਤ ਦਾ ਤਿਆਗ ਕਰ ਕੇ, ਸੰਨਿਆਸ ਧਾਰਨ ਕਰਕੇ ਮਨੁੱਖ ਦਾ ਉਧਾਰ ਹੋ ਸਕਦਾ ਹੈ ਤਾਂ ਸਾਰੇ ਖੁਸਰੇ ਪਰਮਗਤਿ ਨੂੰ ਪ੍ਰਾਪਤ ਕਰ ਲੈਣ। ਇਸੇ ਤਰ੍ਹਾਂ ਜੇ ਸਵੇਰੇ-ਸ਼ਾਮ ਇਸ਼ਨਾਨ ਕਰਨ ਨਾਲ ਹੀ ਗਤੀ ਪ੍ਰਾਪਤ ਹੁੰਦੀ ਹੈ ਤਾਂ ਡੱਡੂ ਤਾਂ ਹਮੇਸ਼ਾ ਹੀ ਪਾਣੀ ਵਿੱਚ ਨਹਾਉਂਦਾ ਰਹਿੰਦਾ ਹੈ, ਉਸ ਨੂੰ ਪਰਮ-ਗਤਿ ਪ੍ਰਾਪਤ ਹੋ ਜਾਣੀ ਚਾਹੀਦੀ ਹੈ। ਭਗਤ ਕਬੀਰ ਅਨੁਸਾਰ ਮੁਕਤੀ ਪ੍ਰਾਪਤ ਕਰਨ ਦਾ ਇਕੋ ਇਕ ਸਾਧਨ ਵਾਹਿਗੁਰੂ ਦਾ ਨਾਮ ਜਪਣਾ ਹੈ ਅਤੇ ਨਾਮ ਰਾਹੀਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦਾ ਤਿਆਗ ਕਰਨਾ ਹੈ। ਕਰਮ-ਕਾਂਡ ਤਾਂ ਮਨੁੱਖ ਦੇ ਹੰਕਾਰ ਨੂੰ ਵਧਾਉਂਦੇ ਹਨ। ਕਰਮ-ਕਾਂਡ ਰਾਹੀਂ ਪੱਥਰ ਦੀ ਪੂਜਾ ਤਾਂ ਹੋ ਸਕਦੀ ਹੈ, ਪਰ ਸਰਬ-ਵਿਆਪਕ ਹਰੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜੇ ਮਨੁੱਖ ਦੇ ਅੰਦਰੋਂ ਦ੍ਵੈਤ-ਭਾਵ ਖ਼ਤਮ ਨਹੀਂ ਹੁੰਦਾ ਤਾਂ ਜਪ, ਤਪ, ਬ੍ਰਤ ਤੇ ਪੂਜਾ ਕਿਸੇ ਕੰਮ ਨਹੀਂ ਹੈ। ਸਪਸ਼ਟ ਹੋਇਆ ਕਿ ਭਗਤ ਕਬੀਰ ਜੀ ਦੀ ਗੁਰਮਤਿ ਚਿੰਤਨ ਨਾਲ ਸਾਂਝ ਕਾਇਮ ਹੈ ਅਤੇ ਲੋੜ ਇਸ ਦੇ ਪ੍ਰਸੰਗ ਸਥਾਪਨ ਦੀ ਹੈ। ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਸਿੱਖ ਧਰਮ ਅਨੁਸਾਰ ਇਲਹਾਮ ਦਾ ਆਗਾਜ਼ ਗੁਰੂ ਨਾਨਕ ਸਾਹਿਬ ਦੇ ਵੇਈਂ ਨਦੀ ਪ੍ਰਵੇਸ਼ ਤੋਂ ਮੰਨਿਆ ਗਿਆ ਹੈ। ਵੇਈਂ ਨਦੀ ਸੰਦੇਸ਼ ਰਾਹੀਂ ਗੁਰੂ ਨਾਨਕ ਸਾਹਿਬ ਦਾ ਪਹਿਲਾ ਐਲਾਨ-ਨਾਮਾ ਸੀ ਕਿ "ਨਾ ਕੋ ਹਿੰਦੂ ਨ ਮੁਸਲਮਾਨ"। ਗੁਰਮਤਿ ਦੇ ਪ੍ਰਕਾਸ਼ ਤੋਂ ਪਹਿਲਾਂ ਮਨੁੱਖ ਨੂੰ ਵੰਡ ਕੇ ਦੇਖਿਆ ਜਾਂਦਾ ਸੀ। ਭਗਤ ਕਬੀਰ ਵੀ ਇਸ ਦੀ ਗਵਾਹੀ ਭਰਦੇ ਹਨ। ਗੁਰੂ ਨਾਨਕ ਸਾਹਿਬ ਨੇ ਇਸ ਸਤਿ ਦਾ ਪ੍ਰਗਟਾਅ ਕੀਤਾ ਕਿ ਮਨੁੱਖ ਨੂੰ ਵੰਡਿਆ ਨਹੀਂ ਜਾ ਸਕਦਾ ਨਾ ਧਾਰਮਿਕ ਕਾਰਨਾਂ ਕਰਕੇ, ਨਾ ਸਮਾਜਕ ਅਤੇ ਨਾ ਹੀ ਦਾਰਸ਼ਨਿਕ ਤੌਰ ਤੇ। ਮਨੁੱਖ ਨੂੰ ਇਕ ਇਕਾਈ ਦੇ ਤੌਰ ਤੇ ਹੀ ਦੇਖਣਾ ਚਾਹੀਦਾ ਹੈ। ਗੁਰੂ ਸਾਹਿਬ ਆਪਣਾ ਨਜ਼ਰੀਆ ਵਿਸ਼ਾਲ ਕਰਨ, ਹੱਦ-ਬੰਦੀਆਂ ਜੋ ਮਨੁੱਖੀ-ਸੋਚ ਦਾ ਘੇਰਾ ਸੌੜਾ ਕਰਦੀਆਂ ਹਨ, ਤੋਂ ਉੱਤੇ ਉੱਠ ਕੇ ਇੱਕ ਵਾਹਿਗੁਰੂ ਨਾਲ ਜੁੜਨ ਦੀ ਪ੍ਰੇਰਨਾ ਕਰਦੇ ਹਨ ਕਿਉਂਕਿ ਉਹ ਪਰਮ-ਸਤਿ ਇਕ ਹੀ ਹੈ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਦੱਸਿਆ ਹੈ ਕਿ ਗੁਰਮਤਿ ਅਨੁਸਾਰ ਮਨੁੱਖ ਸਿਰਫ ਆਪਣੇ "ਸ਼ੁਭ ਅਮਲਾਂ" ਕਰਕੇ ਵੱਡਾ ਹੈ, ਹਿੰਦੂ ਜਾਂ ਮੁਸਲਮਾਨ ਹੋਣ ਕਰਕੇ ਨਹੀਂ। ਹਿੰਦੂ ਦੇ ਘਰ ਪੰਡਤ ਆਉਂਦਾ ਹੈ, ਸੂਤ ਦਾ ਜਨੇਊ ਮੰਤਰ ਪੜ ਕੇ ਗਲੇ ਵਿੱਚ ਪਾ ਦਿੰਦਾ ਹੈ। ਜਨੇਊ ਪਹਿਨਣਾ ਬੁਰੇ ਕੰਮਾਂ ਤੋਂ ਰੋਕਣ ਦੀ ਗਰੰਟੀ ਨਹੀਂ ਕਰ ਸਕਦਾ। ਤੀਰਥਾਂ ਤੇ ਇਸ਼ਨਾਨ ਕਰਨ ਨਾਲ ਭਾਵ ਰਸਮਾਂ ਨੂੰ ਮੰਨਣ ਨਾਲ ਹੀ ਆਪਣੇ ਅਸਲੀ ਸਥਾਨ ਦੀ ਪ੍ਰਾਪਤੀ ਨਹੀਂ ਹੋ ਜਾਂਦੀ। ਮੁਸਲਮਾਨ ਰੱਬ ਦੀ ਸਿਫਤ ਕਰਦਾ ਹੈ, ਗੁਰੂ-ਪੂਰੇ ਦੀ ਅਗਵਾਈ ਬਿਨਾਂ ਇਹ ਸਿਫ਼ਤ ਕਬੂਲ ਨਹੀਂ ਹੁੰਦੀ। ਰਸਤਾ ਪੁੱਛ ਕੇ ਵੀ ਉਥੇ ਕੋਈ ਵਿਰਲਾ ਹੀ ਪਹੁੰਚ ਸਕਦਾ ਹੈ। ਸ਼ੁਭ ਕਰਮਾਂ ਤੋਂ ਬਿਨਾਂ ਬਹਿਸ਼ਤ ਜਾਂ ਸ੍ਵਰਗ ਦੀ ਪ੍ਰਾਪਤੀ ਨਹੀਂ ਹੁੰਦੀ। ਇਸੇ ਤਰ੍ਹਾਂ ਦੂਸਰੇ ਭੇਖ ਧਾਰਾਂ ਜਿਵੇਂ ਜੋਗੀਆਂ ਆਦਿ ਬਾਰੇ ਵੀ ਦੱਸਿਆ ਹੋਇਆ ਹੈ। ਭਗਤ ਕਬੀਰ ਵੀ ਆਪਣੀ ਬਾਣੀ ਵਿੱਚ ਕਹਿੰਦੇ ਹਨ ਕਿ ਹਿੰਦੂ ਅਤੇ ਮੁਸਲਮਾਨ ਦੋਵੇਂ ਕਿੱਥੋਂ ਆਏ ਹਨ ਅਤੇ ਇਹ ਦੋ ਵੱਖ-ਵੱਖ ਰਸਤੇ ਕਿਸ ਨੇ ਚਲਾਏ ਹਨ? ਉਹ ਵਾਦ-ਵਿਵਾਦ ਕਰਨ ਵਾਲੇ ਨੂੰ ਸਮਝਾਉਂਦੇ ਹਨ ਕਿ ਦੱਸੋ ਬਹਿਸ਼ਤ ਜਾਂ ਨਰਕ ਦਾ ਅਸਲ ਪਾਉਣ ਵਾਲਾ ਕੌਣ ਹੈ? ਕਾਜ਼ੀ ਨੂੰ ਪੁੱਛਦੇ ਹਨ ਕਿ ਤੂੰ ਕਿਹੜੀ ਕਿਤਾਬ ਵੀਚਾਰ ਕੇ ਦੱਸ ਰਿਹਾ ਹੈ? ਸੁੰਨਤ ਆਦਿ ਰਸਮਾਂ ਦਾ ਖੁਦਾ ਦੀ ਪ੍ਰਾਪਤੀ ਨਾਲ ਕੋਈ ਸੰਬੰਧ ਨਹੀਂ ਹੈ। ਭਗਤ ਕਬੀਰ ਹਿੰਦੂ

ਤੇ ਮੁਸਲਮਾਨ ਦੋਹਾਂ ਨੂੰ ਵੰਡੀਆਂ ਪਾਉਣ ਵਾਲੇ ਰਵਾਇਤੀ ਕਰਮ-ਕਾਂਡ ਛੱਡ ਕੇ ਇਕੋ ਵਾਹਿਗੁਰੂ ਦੀ ਭਗਤੀ ਵਿੱਚ ਲੱਗਣ ਦੀ ਪ੍ਰੇਰਨਾ ਕਰਦੇ ਹਨ। ਉਸ ਦੇ ਨਾਮ ਦੀ ਵਡਿਆਈ ਸਭ ਤੋਂ ਵੱਡੀ ਭਗਤੀ ਹੈ ਅਤੇ ਉਸ ਦਾ ਨਾਮ ਹਜ਼ਾਰਾਂ ਹੀ ਨਾਵਾਂ ਰਾਹੀਂ ਜਪਿਆ ਜਾ ਸਕਦਾ ਹੈ। ਏਸੇ ਲਈ ਇਕੋ ਸਰਬ ਸ਼ਕਤੀਮਾਨ ਪਰਮਾਤਮਾ ਅੱਗੇ ਦੁਆ ਕਰਨ ਲਈ ਕਿਹਾ ਹੈ।

ਗੁਰਮਤਿ ਅਨੁਸਾਰ ਸਾਰੇ ਪਸਾਰੇ ਦਾ ਸੋਮਾ ਇਕ ਵਾਹਿਗੁਰੂ ਹੈ। ਇਹ ਸਾਰਾ ਸੰਸਾਰ ਉਸ ਵਾਹਿਗੁਰੂ ਦੀ ਰਚਨਾ ਹੈ ਤੇ ਸਾਰੇ ਜੀਵਾਂ ਵਿੱਚ ਇਕ ਵਾਹਿਗੁਰੂ ਦੀ ਜੋਤਿ ਵਿਆਪਕ ਹੈ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹਿੰਦੁਸਤਾਨ ਵਿੱਚ ਸਮਾਜ ਸਿਰਫ ਧਾਰਮਿਕ ਤੌਰ ਤੇ ਹੀ ਵੰਡਿਆ ਹੋਇਆ ਨਹੀਂ ਸੀ ਸਗੋਂ ਇਹ ਸਮਾਜਕ ਤੌਰ ਤੇ ਵੀ ਵੰਡਿਆ ਹੋਇਆ ਸੀ। ਵੇਦ, ਜਿਨ੍ਹਾਂ ਨੂੰ ਰੱਬੀ-ਰਚਨਾ ਮੰਨਿਆ ਜਾਂਦਾ ਹੈ, ਵਿੱਚ ਵਰਣ-ਆਸ਼ਰਮ ਧਰਮ ਦਾ ਸਿਧਾਂਤ ਦਿੱਤਾ ਹੋਇਆ ਹੈ ਜੋ ਹਿੰਦੂ ਸਮਾਜ ਦੀ ਬਣਤਰ ਦਾ ਧੁਰਾ ਹੈ। ਏਸੇ ਸਿਧਾਂਤ ਦੇ ਦੁਆਲੇ ਸਾਰਾ ਸਮਾਜਿਕ ਤਾਣਾ-ਬਾਣਾ ਉਣਿਆ ਹੋਇਆ ਸੀ। ਗੁਰੂ ਸਾਹਿਬ ਨੇ ਇਸ ਸਿਧਾਂਤ ਨੂੰ ਨਕਾਰਿਆ ਅਤੇ ਦੱਸਿਆ ਕਿ ਮਨੁੱਖ ਆਪਣੀ ਜਾਤ ਜਾਂ ਕੁਲ ਕਰਕੇ ਉੱਚਾ ਜਾਂ ਨੀਵਾਂ ਨਹੀਂ ਹੈ। ਜਾਤ ਰੱਬ ਨੇ ਨਹੀਂ ਬਣਾਈ ਸਗੋਂ ਮਨੁੱਖ ਨੇ ਆਪ ਬਣਾਈ ਹੈ। ਜਨਮ ਕਰਕੇ ਸਾਰੇ ਮਨੁੱਖ ਬਰਾਬਰ ਹਨ ਕਿਉਂਕਿ ਸਾਰਿਆਂ ਵਿੱਚ ਉਸ ਇਕ ਵਾਹਿਗੁਰੂ ਦੀ ਜੋਤਿ ਵਿਆਪਕ ਹੈ। ਮਨੁੱਖ ਆਪਣੇ ਕਰਮਾਂ ਕਰਕੇ ਉੱਚਾ ਜਾਂ ਨੀਵਾਂ ਹੁੰਦਾ ਹੈ। ਬ੍ਰਾਹਮਣ ਉਹ ਨਹੀਂ ਜੋ ਬ੍ਰਾਹਮਣ ਜਾਤ ਅਤੇ ਕੁਲ ਵਿੱਚ ਪੈਦਾ ਹੋਇਆ ਹੁੰਦਾ ਹੈ ਸਗੋਂ ਬ੍ਰਹਮ ਨੂੰ ਜਾਨਣ ਵਾਲਾ ਹੀ ਬ੍ਰਾਹਮਣ ਹੈ। ਮਨੁੱਖ ਦੇ ਬੰਧਨ ਦਾ ਕਾਰਨ ਉਸ ਦੀ ਜਾਤ ਨਹੀਂ ਸਗੋਂ ਉਸ ਦੇ ਕਰਮ ਹਨ ਕਿਉਂਕਿ ਸਭ ਦਾ ਅਸਲਾ ਉਹ ਵਾਹਿਗੁਰੂ ਨਿਰੰਕਾਰ ਹੈ। ਭਗਤ ਕਬੀਰ ਨੇ ਵਰਣ-ਆਸ਼ਰਮ ਧਰਮ ਦੇ ਇਸ ਸਿਧਾਂਤ ਅਨੁਸਾਰ ਮਨੁੱਖ ਨੂੰ ਵਰਗਾਂ ਵਿੱਚ ਵੰਡ ਕੇ ਵੇਖਣ ਦੀ ਦ੍ਰਿਸ਼ਟੀ ਦੀ ਬਹੁਤ ਹੀ ਸਖ਼ਤ ਸ਼ਬਦਾਂ ਵਿੱਚ ਆਲੋਚਨਾ ਕੀਤੀ ਹੈ। ਭਗਤ ਕਬੀਰ ਅਨੁਸਾਰ ਜਨਮ ਤੋਂ ਪਹਿਲਾਂ ਮਨੁੱਖ ਦੀ ਕੋਈ ਜਾਤ ਨਹੀਂ ਹੁੰਦੀ ਕਿਉਂਕਿ ਸਭ ਦੀ ਉਤਪਤੀ ਦਾ ਸੋਮਾ ਪਰਮ-ਸਤਿ ਆਪ ਹੈ। ਉਹ ਵੀਚਾਰ ਦੀ ਪੱਧਰ ਤੇ ਮਨੁੱਖ ਨੂੰ ਇਸ ਸਿਧਾਂਤ ਤੇ ਲਿਆ ਕੇ ਖੜ੍ਹਾ ਕਰਦੇ ਹਨ ਕਿ ਜੇਕਰ ਮਨੁੱਖ ਜਾਤ ਕਰਕੇ ਬ੍ਰਾਹਮਣ ਹੁੰਦਾ ਹੈ ਤਾਂ ਉਸ ਦਾ ਜਨਮ, ਬਾਕੀ ਮਨੁੱਖਾਂ ਵਾਲੇ ਕੁਦਰਤੀ ਢੰਗ ਨਾਲ ਨਾ ਹੋ ਕੇ ਕਿਸੇ ਹੋਰ ਢੰਗ ਨਾਲ ਕਿਉਂ ਨਹੀਂ ਹੋਇਆ? ਬ੍ਰਾਹਮਣ ਅਖਵਾਉਣ ਵਾਲੇ ਨਾਲ ਹੀ ਉਹ ਤਰਕ ਕਰਦੇ ਹਨ ਕਿ ਇਹ ਕਿਸ ਤਰ੍ਹਾਂ ਹੈ ਕਿ ਉਹ ਬ੍ਰਾਹਮਣ (ਉੱਚੀ ਕੁਲ ਤੇ ਜਾਤਿ) ਹੈ ਅਤੇ ਉਹ ਸ਼ੂਦਰ (ਨੀਵਾਂ ਵਰਗ) ਹਨ? ਕੀ ਬ੍ਰਾਹਮਣ ਦੀਆਂ ਨਾੜੀਆਂ ਵਿੱਚ ਦੁੱਧ ਦਾ ਸੰਚਾਰ ਹੁੰਦਾ ਹੈ ਸ਼ੂਦਰ ਆਖੇ ਜਾਣ ਵਾਲੇ ਅੰਦਰ ਸਿਰਫ ਲਹੂ ਸੰਚਾਰ ਕਰਦਾ ਹੈ? ਬ੍ਰਾਹਮਣ ਅਖਵਾਉਣ ਦਾ ਹੱਕਦਾਰ ਉਹੀ ਹੈ ਜੋ ਬ੍ਰਹਮ (ਨਿਰੰਕਾਰ) ਦੀ ਵਿਚਾਰ ਕਰਦਾ ਹੈ। ਸੋ ਸਪੱਸ਼ਟ ਹੋਇਆ ਕਿ ਮਨੁੱਖ ਦੀ ਵਰਗਾਂ ਵਿੱਚ ਵੰਡ ਤਰਕ-ਸੰਗਤ ਨਹੀਂ ਹੈ। ਵਾਹਿਗੁਰੂ ਇਕ ਹੀ ਕਿਸਮ ਦੇ ਭੌਤਿਕ ਤੱਤਾਂ ਤੋਂ ਵੱਖ-ਵੱਖ ਕਿਸਮ ਦੇ ਜੀਵਾਂ ਦੀ ਰਚਨਾ ਕਰਦਾ ਹੈ ਅਤੇ ਫਿਰ ਸਾਰਿਆਂ ਵਿੱਚ ਉਸ ਇਕ ਦੀ ਹੀ ਜੋਤਿ ਵਿਆਪਕ ਹੈ। ਇਹ ਸਤਿ ਭਗਤ ਜੀ ਦਾ ਗੁਰਮਤ ਨਾਲ ਮੇਲ ਖਾਂਦਾ ਹੈ ਅਤੇ ਏਸੇ ਕਰਕੇ ਭਗਤ ਕਬੀਰ ਜੀ ਦਾ ਗੁਰਮਤਿ ਪਰਿਪੇਖ ਪ੍ਰਾਪਤ ਹੈ। ਇਹੀ ਕਾਰਨ ਹੈ ਕਿ ਆਪ ਦੀ ਬਾਣੀ ਦੀ ਆਤਮਾ ਨੂੰ ਸਮਝ ਕੇ ਹੀ ਨਿਰਗੁਣ ਭਗਤੀ ਅੰਦੋਲਨ ਦੀ ਸੋਚ ਨੂੰ ਪਛਾਣਿਆ ਜਾ ਸਕਦਾ ਹੈ। ਇਸ ਲਈ ਕਬੀਰ ਦੇ ਅਧਿਆਤਮਿਕ ਚਿੰਤਨ ਦੇ ਵੱਖ-ਵੱਖ ਪੱਖਾਂ ਨੂੰ ਕੁਝ ਵਿਸਤਾਰ ਸਹਿਤ ਸਮਝ ਲੈਣਾ ਉਚਿਤ ਹੋਵੇਗਾ।

ਭਗਤ ਕਬੀਰ ਜੀ ਦੇ ਪਰਮਾਤਮਾ ਸੰਬੰਧੀ ਵਿਚਾਰ ਅਧਿਕ ਤੌਰ ਤੇ ਅਨੁਭਵ ਤੇ ਆਧਾਰਿਤ ਹਨ। ਸੋਰਠ ਰਾਗ ਦੇ ਇਕ ਸ਼ਬਦ ਵਿਚ ਆਪ ਜੀ ਨੇ ਸਪਸ਼ਟ ਸਥਾਪਨਾ ਕੀਤੀ ਹੈ ਕਿ ਉਨ੍ਹਾਂ ਨੂੰ ਬ੍ਰਹਮ ਦਾ ਸਾਖਿਆਤਕਾਰ ਪ੍ਰਾਪਤ ਹੋ ਚੁੱਕਿਆ ਹੈ। ਫਿਰ ਉਨ੍ਹਾਂ ਨੂੰ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਨੂੰ ਵੇਖਣ ਦੀ ਲੋੜ ਹੀ ਨਹੀਂ ਰਹਿ ਗਈ। ਉਹ ਉਸ ਪਰਮਾਤਮਾ ਵਿਚ ਇਤਨੇ ਮਗਨ ਹਨ ਕਿ ਕਿਸੇ ਹੋਰ ਵਿਸ਼ੇ ਬਾਰੇ ਕਹਿਣੇ ਵੀ ਅਸਮਰਥ ਹਨ-

ਦੁਇ ਦੁਇ ਲੋਚਨ ਪੇਖਾ। ਹਉ ਹਰਿ ਬਿਨੁ ਅਉਰੁ ਨ ਦੇਖਾ।
ਨੈਨ ਰਹੇ ਰੰਗੁ ਲਾਈ। ਅਬ ਬੇ ਗਲ ਕਹਨੁ ਨ ਜਾਈ।
..............................................................
ਕਹਿ ਕਬੀਰ ਰੰਗਿ ਰਾਤਾ। ਮਿਲਿਓ ਜਗਜੀਵਨ ਦਾਤਾ।[1]

ਸਪੱਸ਼ਟ ਹੈ ਕਿ ਪਰਮਾਤਮਾ ਬਾਰੇ ਕਬੀਰ ਜੀ ਦੀ ਮਾਨਤਾ ਉਨ੍ਹਾਂ ਦੀ ਰਹੱਸ ਅਨੁਭੂਤੀ ਉਤੇ ਆਧਾਰਿਤ ਹੈ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਪਰਮਾਤਮਾ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਵਿਚ ਇਕੋ ਹੀ ਹੈ। ਉਹ ਪਰੇ ਤੋਂ ਪਰੇ ਅਤੇ ਨੇੜੇ ਤੋਂ ਨੇੜੇ ਹੈ। ਅਸਲ ਵਿਚ, ਉਹ ਸਰਬਤ੍ਰ ਵਿਆਪਕ ਹੈ। ਉਸ ਨੂੰ ਸਵੱਛ ਅੰਤਹਕਰਣ ਵਿਚ ਹੀ ਵਿਚਾਰਿਆ ਜਾ ਸਕਦਾ ਹੈ:

ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ।
ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ।[2]

ਕਬੀਰ ਨੇ ਪਰਮਾਤਮਾ ਨੂੰ ਇਕ ਅਜਿਹੀ ਸ਼ਕਤੀ ਮੰਨਿਆ ਹੈ ਜੋ ਕਿਸੇ ਖ਼ਾਸ ਧਰਮ ਵਰਗ ਜਾਂ ਦੇਸ਼ ਦੇ ਕਲਾਵੇ ਤੋਂ ਮੁਕਤ ਅਤੇ ਸਰਬ ਸਾਂਝੀ ਹੈ। ਉਨ੍ਹਾਂ ਅਨੁਸਾਰ 'ਰਾਮ' ਦਸ਼ਰਥ ਦੇ ਪੁੱਤਰ ਰਾਮ ਨ ਹੋ ਕੇ ਸਾਰੀ ਸ੍ਰਿਸ਼ਟੀ ਵਿਚ

ਰਮਣ ਕਰ ਰਹੀ ਅਗਾਧ ਸੱਤਾ ਹੈ। ਉਸ ਤੋਂ ਹੀ ਸਾਰੀਆਂ ਸੰਸਾਰਕ ਸ਼ਕਤੀਆਂ, ਸ਼ਕਤੀ ਗ੍ਰਹਿਣ ਕਰਦੀਆਂ ਹਨ। ਸਾਰੇ ਦੇਵੀ ਦੇਵਤੇ, ਸਾਰੀਆਂ ਕੁਦਰਤੀ ਸ਼ਕਤੀਆਂ, ਸਾਰੇ ਧਰਮ ਗ੍ਰੰਥ ਅਸਲ ਵਿਚ ਉਸ ਦੇ ਸਿਰਜੇ ਤੇ ਸੰਵਾਰੇ ਹੋਏ ਹਨ, ਜਿਵੇਂ:

ਕੋਟਿ ਸੂਰ ਜਾ ਕੈ ਪਰਗਾਸੁ। ਕੋਟਿ ਮਹਾਦੇਵ ਅਰੁ ਕਬਿਲਾਸ।
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ। ਬ੍ਰਹਮਾ ਕੋਟਿ ਬੇਦ ਉਚਰੈ।
ਜਉ ਜਾਚਉ ਤਉ ਕੇਵਲ ਰਾਮ।
ਆਨ ਦੇਵ ਸਿਉ ਨਾਹੀ ਕਾਮ। ਰਹਾਉ
....................................................
ਕੋਟਿ ਚੰਦ੍ਰਮੇ ਕਰਹਿ ਚਰਾਕ। ਸੁਰ ਤੇਤੀਸਉ ਜੇਵਹਿ ਪਾਕ।
ਨਵ ਗ੍ਰਹਿ ਕੋਟਿ ਠਾਡੇ ਦਰਬਾਰ। ਧਰਮ ਕੋਟਿ ਜਾ ਕੇ ਪ੍ਰਤਿਹਾਰ।[3]

ਉਹ ਪ੍ਰਭੂ ਮੂਰਤੀ ਵਿਚ ਸਥਿਤ ਨ ਹੋ ਕੇ (ਸਿਆਮ ਮਰਤਿ ਨਾਹਿ) ਨਿਰਾਕਾਰ, ਨਿਰਵਿਕਾਰ, ਨਿਰੰਜਨ, ਹਰ ਪ੍ਰਕਾਰ ਦੇ ਸੰਕਟਾਂ ਤੋਂ ਮੁਕਤ, ਨਾਮ ਰੁਪਾਂਤਮਕ ਜਗਤ ਦੇ ਆਵਾਗਵਣ ਤੋਂ ਉੱਚਾ ਅਜਿਹਾ ਤਤ੍ਵ ਹੈ ਜਿਸ ਦਾ ਨ ਕੋਈ ਪਿਤਾ ਹੈ ਅਤੇ ਨਾ ਹੀ ਮਾਤਾ। ਉਹ ਅਜੂਨੀ, ਅਜਨਮਾ ਅਤੇ ਸੰਸਾਰਕ ਬੰਧਨਾਂ ਅਥਵਾ ਸੰਬੰਧਾਂ ਤੋਂ ਅਤੀਤ ਹੈ-

ਸੰਕਟਿ ਨਹੀਂ ਪਰੈ ਜੋਨਿ ਨਹੀਂ ਆਵੈ ਨਾਮੁ ਨਿਰੰਜਨ ਜਾ ਕੋ ਰੇ।
ਕਬੀਰ ਕੋ ਸੁਆਮੀ ਐਸੋ ਠਾਕੁਰ ਜਾ ਕੋ ਮਾਈ ਨਾ ਬਾਪੋ ਰੇ।[4]

ਉਹ ਪਰਮਾਤਮਾ ਸੰਸਾਰ ਦੇ ਅਣੂ ਅਣੂ ਵਿੱਚ ਰਮ ਰਿਹਾ ਹੈ। ਉਸ ਦਾ ਤਿੰਨ ਲੋਕਾਂ ਵਿਚ ਵਿਸਤਾਰ ਹੋਇਆ ਹੈ। ਉਹ ਬੋਹੜ ਦੇ ਬੀਜ ਵਿੱਚ ਵੀ ਮੌਜੂਦ ਹੈ:

ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ।[5]

ਵਿਦਵਾਨਾਂ ਨੇ ਕਬੀਰ ਬਾਣੀ ਦੇ ਆਧਾਰ ਤੇ ਮੰਨਿਆ ਹੈ ਕਿ ਕਬੀਰ ਨੇ ਹਰ ਪ੍ਰਕਾਰ ਦੀਆਂ ਸਾਧਨਾ ਪ੍ਰਣਾਲੀਆਂ ਦੁਆਰਾ ਸਵੀਕਾਰੇ ਬ੍ਰਹਮ ਦੇ ਸਰੂਪ ਨੂੰ ਆਪਣੀ ਪਕੜ ਵਿੱਚ ਲੈ ਕੇ ਇਕ ਵਿਆਪਕ ਧਾਰਨਾ ਬਣਾਈ ਹੈ, ਜੋ ਪਰੰਪਰਾਗਤ ਨਹੀਂ ਹੈ, ਮੌਲਿਕ ਰਚਨਾ-ਸ਼ੈਲੀ ਕਰਕ ਨਵੇਂ ਰੰਗ ਵਾਲੀ ਹੈ। ਇਹ ਵਰਣਨ ਸ਼ੈਲੀ ਵਿਅਕਤ ਅਤੇ ਅਵਿਅਕਤ ਦੋਹਾਂ ਰੂਪਾਂ ਵਿਚ ਸਾਡੇ ਸਾਹਮਣੇ ਆਈ ਹੈ। ਇਸ ਸੰਬੰਧ ਵਿਚ ਡਾ ਗੋਬਿੰਦ ਤ੍ਰਿਗੁਣਾਇਤ ਨੇ ਆਪਣੀ ਪੁਸਤਕ 'ਕਬੀਰ ਕੀ ਵਿਚਾਰਧਾਰਾ' ਵਿਚ ਕਿਹਾ ਹੈ ਕਿ ਕਬੀਰ ਜੀ ਦਾ ਪ੍ਰਮੁਖ ਪ੍ਰਤਿਪਾਦਿਤ ਵਿਸ਼ਾ ਭਗਵਾਨ ਦਾ ਅਵਿਅਕਤ ਸਰੂਪ ਹੀ ਹੈ। ਬ੍ਰਹਮ ਦੇ ਅਵਿਅਕਤ ਸਰੂਪ ਦਾ ਜਿਤਨੇ ਢੰਗਾਂ ਨਾਲ ਨਿਰੂਪਣ ਸੰਭਵ ਹੋ ਸਕਦਾ ਹੈ, ਕਬੀਰ ਜੀ ਨੇ ਕੀਤਾ ਹੈ। ਉਨ੍ਹਾਂ ਦਾ ਅਵਿਅਕਤ ਬ੍ਰਹਮ ਨਿਰੂਪਣ ਬਹੁਤ ਕੁਝ ਉਪਨਿਸ਼ਦਾਂ ਵਿਚ ਵਰਣਿਤ ਬ੍ਰਹਮ ਦੇ ਅਵਿਅਕਤ ਸਰੂਪ ਦੇ ਢੰਗ ਉਤੇ ਹੀ ਹੈ। ਪਰੰਤੂ ਕਿਤੇ ਕਿਤੇ ਉਸ ਉਤੇ ਯੋਗੀਆਂ ਦੇ ਦ੍ਵੈਤ-ਅਦ੍ਵੈਤ, ਵਿਲਖਣ ਜਾਤਿਵਾਦ, ਸੂਫ਼ੀਆਂ ਦੇ ਨੂਰਵਾਦ, ਸ਼ਬਦਵਾਦ, ਸ਼ੂਨਯਵਾਦ ਆਦਿ ਦੀ ਛਾਇਆ ਵੀ ਦਿਸ ਪੈਂਦੀ ਹੈ। ਇੰਜ ਪ੍ਰਤੀਤ ਹੁੰਦਾ ਹੈ ਕਿ ਕਬੀਰ ਜੀ ਨੂੰ ਜਿਤਨੇ ਵੀ ਦਰਸ਼ਨਾਂ ਦੀ ਜਾਣਕਾਰੀ ਸੀ, ਉਨ੍ਹਾਂ ਸਾਰਿਆਂ ਵਿਚ ਵਰਣਿਤ ਬ੍ਰਹਮ ਦੇ ਨਿਰੂਪਿਤ ਅਵਿਅਕਤ ਸਰੂਪ ਨੂੰ ਆਪਣੇ ਵਿਅਕਤ ਸਰੂਪ ਵਿੱਚ ਸਮੇਟਣ ਦਾ ਯਤਨ ਕੀਤਾ ਹੈ।

ਡਾ. ਤ੍ਰਿਗੁਣਾਇਤ ਨੇ ਅੱਗੇ ਦਸਿਆ ਹੈ ਕਿ ਬ੍ਰਹਮ ਦੇ ਵਿਅਕਤ ਰੂਪ ਦਾ ਜੋ ਵਰਣਨ ਕਬੀਰ ਜੀ ਦੀ ਬਾਣੀ ਵਿਚ ਮਿਲਦਾ ਹੈ, ਉਹ ਅਧਿਕਤਰ ਭਾਵਨਾ ਮੂਲਕ ਜਾਂ ਬੁੱਧ ਮੂਲਕ ਹੀ ਹੈ। ਭਗਤੀ ਭਾਵਨਾ ਦੇ ਆਵੇਸ਼ ਵਿਚ ਉਨ੍ਹਾਂ ਨੇ ਕਈ ਸਥਲਾਂ ਤੇ ਭਗਵਾਨ ਦਾ ਵਰਣਨ ਸੁਆਮੀ ਤੁਲਸੀਦਾਸ ਦੇ ਢੰਗ ਤੇ ਸਗੁਣ ਅਤੇ ਸਾਕਾਰ ਰੂਪ ਵਿਚ ਕੀਤਾ ਹੈ। ਕਦੇ ਕਦੇ ਉਹ ਮਨ ਆਦਿ ਨੂੰ ਵੀ ਬ੍ਰਹਮ ਕਹਿ ਦਿੰਦੇ ਹਨ। ਪਰੰਤੂ ਵਿਅਕਤ ਬ੍ਰਹਮ ਦੇ ਇਹ ਸਾਰੇ ਸਰੂਪ ਇਕ ਤਰ੍ਹਾਂ ਨਾਲ ਸਥੂਲ ਇੰਦਰੀਆਂ ਤੋਂ ਅਤੀਤ ਹਨ। ਕਬੀਰ ਜੀ ਨੇ ਕਿਤੇ ਵੀ ਬ੍ਰਹਮ ਦੇ ਸਥੂਲ ਇੰਦ੍ਰੀਆਂ ਦੁਆਰਾ ਗ੍ਰਹਿਣ ਕੀਤੇ ਜਾ ਸਕਣ ਵਾਲੇ ਸਰੂਪ ਦਾ ਚਿਤ੍ਰਣ ਨਹੀਂ ਕੀਤਾ। ਇਹੀ ਕਾਰਨ ਹੈ ਕਿ ਉਨ੍ਹਾਂ ਵਿਚ ਅਵਤਾਰਵਾਦ ਦੇ ਚਿੰਨ੍ਹ ਲਭਣ ਤੇ ਵੀ ਨਹੀਂ ਮਿਲਦੇ। ਇਸ ਅਰਥ ਵਿਚ ਕਬੀਰ ਜੀ ਨਿਰਗੁਣਵਾਦੀ ਹਨ। ਕਬੀਰ ਜੀ ਨੇ ਬ੍ਰਹਮ ਦਾ ਜੋ ਵਰਣਨ ਕੀਤਾ ਹੈ, ਉਹ ਕਿਸੇ ਪ੍ਰਕਾਰ ਦੀ ਸ਼ਾਸਤ੍ਰੀ ਸ਼ੈਲੀ ਵਿੱਚ ਨਹੀਂ ਕੀਤਾ। ਡਾ. ਤ੍ਰਿਗੁਣਾਇਤ ਅਨੁਸਾਰ ਉਨ੍ਹਾਂ ਦੀ ਅਭਿਵਿਅਕਤੀ ਅਧਿਕਤਰ ਉਪਦੇਸ਼ਾਤਮਕ, ਭਾਵਨਾਤਮਕ, ਰਹੱਸਾਤਮਕ ਅਤੇ ਬੁੱਧੀਮੂਲਕ ਸ਼ੈਲੀ ਵਿਚ ਹੋਈ ਹੈ। ਉਪਨਿਸ਼ਦਾਂ ਵਿੱਚ ਵੀ ਬ੍ਰਹਮ ਦਾ ਵਰਣਨ ਅਧਿਕਤਰ ਰਹੱਸਮਈ ਭਾਵਨਾਤਮਕ ਸ਼ੈਲੀ ਵਿਚ ਹੋਇਆ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦੁਆਰਾ ਬ੍ਰਹਮ ਸੰਬੰਧੀ ਮਾਨਤਾਵਾਂ ਉਪਨਿਸ਼ਦਾਂ ਦੇ ਅਦ੍ਵੈਤਵਾਦ ਦੀ ਪੂਰਨ ਪ੍ਰਤਿਸ਼ਠਾ ਕੀਤੀ ਹੈ। ਕਬੀਰ ਦਾ ਬ੍ਰਹਮ ਨਿਰੂਪਣ ਅਧਿਕਤਰ ਅਦ੍ਵੈਤੀ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਬ੍ਰਹਮ ਧਾਰਨਾ ਅਧਿਆਤਮੀ ਹੈ, ਸ਼ਾਸਤ੍ਰੀ ਨਹੀਂ ਹੈ।

ਸਪੱਸ਼ਟ ਹੈ ਕਿ ਕਬੀਰ ਜੀ ਨੇ ਬ੍ਰਹਮ ਸੰਬੰਧੀ ਆਪਣੀਆਂ ਜੋ ਮਾਨਤਾਵਾਂ ਸਥਾਪਤ ਕੀਤੀਆਂ ਹਨ, ਉਹ ਲਕੀਰ ਤੋਂ ਹਟਵੀਆਂ ਹਨ। ਇਹ ਨ ਯੋਗ-ਸਾਧਨਾ ਦੀ ਵਿਚਾਰਧਾਰਾ ਨੂੰ ਅਪਣਾਉਂਦੀਆਂ ਹਨ ਅਤੇ ਨ ਹੀ ਹਿੰਦੂ ਧਰਮ ਦੀਆਂ ਸ਼ਾਸਤ੍ਰਈ ਅਤੇ ਦਾਰਸ਼ਨਿਕ ਪਰੰਪਰਾਵਾਂ

ਨਾਲ ਆਪਣਾ ਕੋਈ ਉਚੇਚਾ ਸੰਬੰਧ ਸਥਾਪਿਤ ਕਰਦੀਆਂ ਹਨ। ਇਹ ਅਸਲ ਵਿੱਚ ਇਕ ਧਰਮ ਸਾਧਕ ਦੇ ਉਦਗਾਰ ਹਨ ਜੋ ਸਵੈ ਅਨੁਭੂਤ ਹੋਣ ਦੇ ਨਾਲ ਨਾਲ ਸੰਕਟ ਗ੍ਰਸੇ ਸਮਾਜ ਦਾ ਦਿਸ਼ਾ ਨਿਰਦੇਸ਼ਨ ਕਰਦੇ ਹਨ। ਕਬੀਰ ਜੀ ਨੇ ਜੀਵਾਤਮਾ ਦੇ ਨਿਰੂਪਣ ਉਤੇ ਬਹੁਤ ਵਿਸਤਾਰ ਨਾਲ ਲਿਖਿਆ ਹੈ। ਕਾਰਨ ਸਪੱਸ਼ਟ ਹੈ ਕਿ ਕਬੀਰ ਸਾਧਨਾਂ ਦਾ ਮੁੱਖ ਪ੍ਰਯੋਜਨ ਹੀ ਮਨੁੱਖ ਦੀ ਆਤਮਾ ਨੂੰ ਅਧਿਆਤਮਕ ਤੌਰ ਤੇ ਉਨਤ ਕਰਕੇ ਉਸ ਨੂੰ ਮੋਖ ਮਾਰਗ ਉਤੇ ਸਫਲਤਾ ਪੂਰਵਕ ਅਗੇ ਵਧਾਉਣਾ ਹੈ। ਉਨ੍ਹਾਂ ਨੇ ਬੂੰਦ-ਸਮੁੰਦਰ ਜਾਂ ਅੰਸ਼-ਅੰਸ਼ੀ ਭਾਵ ਦੀ ਸਥਾਪਨਾ ਕਰਦਿਆਂ ਦੇਹ ਦੇ ਅੰਦਰ ਵਸਦੇ ਤਤ ਨੂੰ ਪ੍ਰਭੂ ਦਾ ਅੰਸ਼ ਮੰਨਿਆ ਹੈ- ਕਹੁ ਕਬੀਰੁ ਇਹੁ ਰਾਮ ਕਾ ਅੰਸ਼। ਇਸ ਤੱਥ ਨੂੰ ਦੀਪਕ ਵਿਚ ਬਲਦੇ ਤੇਲ ਤੇ ਬੱਤੀ ਦੇ ਉਪਮਾਨ-ਵਿਧਾਨ ਰਾਹੀਂ ਸਪਸ਼ਟ ਕੀਤਾ ਹੈ ਕਿ ਜਦ ਤਕ ਦੀਪਕ ਤੇਲ ਮੌਜੂਦ ਹੈ ਬੱਤੀ ਜਲਦੀ ਰਹਿੰਦੀ ਹੈ। ਤੇਲ ਦੇ ਮੁਕਤ ਨਾਲ ਸਾਰੀ ਕਾਰਵਾਈ ਠੱਪ ਹੋ ਜਾਂਦੀ ਹੈ। ਜਦੋਂ ਆਤਮ-ਤਤ ਸਰੀਰ ਵਿਚੋਂ ਨਿਕਲ ਜਾਂਦਾ ਹੈ ਤਾਂ ਇਹ ਸਰੀਰ ਸੁੰਨੇ ਮੰਦਿਰ ਵਰਗਾ ਨਿਰਰਥਕ ਹੋ ਜਾਂਦਾ ਹੈ-

ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ।
ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ।[6]

ਬਿਲਕੁਲ ਸਪੱਸ਼ਟ ਹੈ ਕਿ ਸੰਤ ਕਬੀਰ ਪਰਮਾਤਮਾ ਅਤੇ ਜੀਵ ਨੂੰ ਅਭਿੰਨ ਮੰਨਦੇ ਹੋਇਆ ਸਾਰਿਆਂ ਜੀਵਾਂ ਵਿਚ ਇਕੋ ਪਰਮ ਤਤ ਦੀ ਹੋਂਦ ਸਿੱਧ ਕਰਦੇ ਹਨ। ਉਸ ਪਰਮਾਤਮਾ ਨੇ ਹੀ ਆਪਣੀ ਜੋਤਿ ਨੂੰ ਸਭ ਵਿਚ ਸਥਿਤ ਕੀਤਾ ਹੋਇਆ ਹੈ। ਉਹ ਸਭ ਦਾ ਸਿਰਜਨਹਾਰ ਹੈ। ਉਸ ਤੋਂ ਭਿੰਨ ਕਿਸੇ ਹਰ ਸੱਤਾ ਨੂੰ ਮੰਨਣਾ ਭਰਮ ਹੈ। ਉਸ ਪਰਮ ਸੱਤਾ ਦੁਆਰਾ ਸਿਰਜੀ ਸਾਰੀ ਮਨੁੱਖਤਾ ਇਕ ਸਮਾਨ ਹੈ। ਉਚ-ਨੀਚ ਦੀ ਕਲਪਨਾ ਵਿਅਰਥ ਹੈ ਅਤੇ ਵਸਤੂ-ਸਥਿਤੀ ਦੇ ਉਲਟ ਹੈ-

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੋ ਕੋ ਮੰਦੇ।
ਲੋਗਾ ਭਰਮਿ ਨ ਭੂਲਹੁ ਭਾਈ।
ਖਾਲਿਕ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ।[7]

ਇਸ ਗੱਲ ਨੂੰ ਹੋਰ ਸਪੱਸ਼ਟ ਕਰਦਿਆਂ ਕਬੀਰ ਜੀ ਨੇ ਗੋਂਡ ਰਾਗ ਵਿਚ ਕਿਹਾ ਹੈ ਕਿ ਆਤਮਾ ਨ ਮਨੁੱਖ ਹੈ ਅਤੇ ਨਾ ਹੀ ਦੇਵਤਾ, ਨਾ ਉਹ ਜਤੀ ਹੈ ਅਤੇ ਨਾ ਹੀ ਸ਼ਿਵ ਦਾ ਉਪਾਸਕ ਹੈ। ਨਾ ਉਹ ਜੋਗੀ ਹੈ ਅਤੇ ਨਾ ਵੀ ਅਵਧੂਤ ਹੈ, ਨਾ ਹੀ ਇਸ ਦੀ ਕੋਈ ਮਾਂ ਹੈ ਅਤੇ ਨਾ ਹੀ ਇਹ ਕਿਸੇ ਦਾ ਪੁੱਤਰ ਹੈ। ਇਸ ਸਰੀਰ ਵਿਚ ਕੌਣ ਵਸਦਾ ਹੈ, ਇਸ ਦਾ ਅੰਤ ਅਜੇ ਤਕ ਕਿਸੇ ਨੇ ਵੀ ਪ੍ਰਾਪਤ ਨਹੀਂ ਕੀਤਾ। ਉਹ ਗ੍ਰਹਿਸਤੀ ਜਾਂ ਉਦਾਸੀ ਵੀ ਨਹੀਂ ਹੈ, ਨਾ ਉਹ ਰਾਜਾ ਹੈ, ਨਾ ਹੀ ਰੰਕ, ਨਾ ਉਹ ਬ੍ਰਾਹਮਣ ਅਤੇ ਨਾ ਹੀ ਸ਼ੂਦਰ ਹੈ। ਉਹ ਜਨਮ ਮਰਨ ਦੇ ਚੱਕਰ ਤੋਂ ਪਰੇ ਹੈ। ਅਸਲ ਵਿੱਚ ਆਤਮਾ ਪਰਮਾਤਮਾ ਦਾ ਹੀ ਅੰਸ਼ ਹੈ ਅਤੇ ਅਮਿਟ ਹੈ:-

ਨਾ ਇਹ ਮਾਨਸੁ ਨ ਇਹੁ ਦੇਉ।
ਨਾ ਇਹੁ ਜਤੀ ਕਹਾਵੈ ਸੇਉ।
ਨਾ ਇਹੁ ਜੋਗੀ ਨ ਅਵਧੂਤਾ।
ਨਾ ਇਸੁ ਮਾਇ ਨਾ ਕਾਹੂ ਪੂਤਾ।੧।
ਇਆ ਮੰਦਰ ਮਹਿ ਕੌਨ ਬਸਾਈ।
ਤਾਕਾ ਅੰਤੁ ਨ ਕੋਊ ਪਾਈ । ੧। ਰਹਾਉ
ਨਾ ਇਹੁ ਗਿਰਹੀ ਨ ਓਦਾਸੀ।
ਨਾ ਇਹੁ ਰਾਜ ਨ ਭੀਖ ਮੰਗਾਸੀ।
ਨਾ ਇਸੁ ਪਿੰਡ ਨ ਰਕਤੂ ਰਾਤੀ।
ਨਾ ਇਹੁ ਬ੍ਰਹਮਨ ਨਾ ਇਹੁ ਖਾਤੀ।
ਕਹੁ ਕਬੀਰ ਇਹ ਰਾਮ ਕੀ ਅੰਸੁ।
ਜਸ ਕਾਗਦ ਪਰ ਮਿਟੈ ਨ ਮੰਸੁ ।੪।[8]

ਦੇਹ ਵਿਚ ਦਾਖ਼ਲ ਹੋ ਜਾਣ ਬਾਅਦ ਆਤਮਾ ਆਪਣੀ ਮਨੁੱਖੀ ਸ਼ਨਾਖ਼ਤ ਬਣਾਉਂਦਾ ਹੈ। ਉਸ ਨੂੰ ਸੋਝੀ ਹੁੰਦੀ ਹੈ। ਮਨੁੱਖਾ ਜਨਮ ਦੁਰਲਭ ਹੈ, ਬਾਰ ਬਾਰ ਪ੍ਰਾਪਤ ਨਹੀਂ ਹੁੰਦਾ। ਭਗਤੀ ਸਾਧਨਾ ਹੀਂ ਮਨੁੱਖਾ ਦੇਹੀ ਮਿਲਦੀ ਹੈ, ਇਸ ਦੀ ਲੋਚਾ ਦੇਵਤੇ ਤਕ ਕਰਦੇ ਹਨ। ਇਸ ਦੇਹੀ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਸ ਦੀ ਹੋਂਦ ਵੇਲੇ ਹਰੀ-ਨਾਮ ਦਾ ਭਜਨ ਕੀਤਾ ਜਾ ਸਕਦਾ ਹੈ ਅਤੇ ਕਰਨਾ ਚਾਹੀਦਾ ਹੈ। ਅਜਿਹਾ ਕਰ ਸਕਣਾ ਕਿਸੇ ਹੋਰ ਦੇਹੀ ਵਿਚ ਸੰਭਵ ਨਹੀਂ ਹੈ। ਬਸ, ਇਹ ਹੀ ਇਕ ਮਾਤਰ ਅਜਿਹੀ ਜੂਨ ਹੈ ਜਿਸ ਰਾਹੀਂ ਮਨੁੱਖ ਪਰਮ-ਪੁਰਸ਼ਾਰਥ ਨੂੰ ਪ੍ਰਾਪਤ ਕਰ ਸਕਦਾ ਹੈ। ਇਸ ਦੇਹੀ ਕਉ ਸਿਮਰਹਿ ਦੇਵ। ਸੋ ਦੇਹੀ ਭਜੁ ਹਰਿ ਕੀ ਸੇਵ। (ਗੁ.ਗ੍ਰੰ.1159) (ਪਰ ਇਹ ਦੇਹ ਅਸਲ ਵਿਚ ਮਿੱਟੀ ਦਾ ਪਿੰਡ ਹੈ ਮਾਟੀ ਕੇ ਹਮ ਪੂਤਲੇ। ਇਸ ਲਈ ਮਨੁੱਖੀ ਲਈ ਬੜਾ ਜ਼ਰੂਰੀ ਹੈ ਕਿ ਉਹ ਦੇਹੀ ਦਾ ਸਦ-ਉਪਯੋਗ ਕਰੇ। ਪਰ ਮਨੁੱਖ ਵਾਸਤਵਿਕ ਮਾਰਗ ਤੋਂ ਹਟ ਕੇ ਪਤੰਗੇ ਵਾਂਗ ਸੋਨੇ (ਧਨ) ਅਤੇ ਇਸਤਰੀ ਦੇ ਆਕਰਸ਼ਣ ਕਰਕੇ ਤ੍ਰਿਸ਼ਨਾ ਦੀ ਅੱਗ ਵਿੱਚ ਸੜ ਮਰਦਾ ਹੈ।) ਇਸ ਲਈ ਕਬੀਰ ਜੀ ਅਨੁਸਾਰ ਮਨੁੱਖ ਨੂੰ ਵਿਵੇਕ ਦੁਆਰਾ ਵਿਕਾਰਾਂ ਨੂੰ ਪੈਰ ਸੁੱਟ ਦੇਣਾ ਚਾਹੀਦਾ ਹੈ-

ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ।
ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ।
ਬਾਬਾ ਮਾਇਆ ਮੋਹ ਹਿਤੁ ਕੀਨ੍।
ਜਿਨਿ ਗਿਆਨੁ ਰਤਨੁ ਹਿਰਿ ਲੀਨੁ । ੧ । ਰਹਾਉ।
ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ।
ਕਾਲ ਫਾਸ ਨਾ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ।
ਕਰਿ ਬਿਚਾਰੁ ਬਿਕਾਰ ਪਰਹਰਿ ਤਰਨ ਤਾਰਨ ਸੋਇ।

ਕਹਿ ਕਬੀਰ ਜਗੁ ਜੀਵਨੁ ਐਸਾ ਦੁਤੀਆ ਨਾਹੀ ਕੋਇ।[9]

ਕਬੀਰ ਜੀ ਨੇ ਮਨੁੱਖ ਅਥਵਾ ਜੀਵਾਤਮਾ ਦੇ ਦੋ ਰੂਪ ਮੰਨੇ ਹਨ: ਇਕ ਗਿਆਨੀ ਅਤੇ ਦੂਜਾ ਅਗਿਆਨੀ। ਜੋ ਵਿਸ਼ੇ ਵਾਸ਼ਨਾਵਾਂ ਵਿਚ ਮਗਨ ਹੋ ਜਾਂਦਾ ਹੈ, ਸੰਸਾਰਕ ਪ੍ਰਪੰਚ ਨੂੰ ਹੀ ਆਪਣਾ ਸਥਾਈ ਨਿਵਾਸ ਬਣਾ ਲੈਂਦਾ ਹੈ, ਹਰਿ ਨਾਮ ਨੂੰ ਭੁਲਾ ਕੇ ਆਪਣੀ ਹੋਂਦ ਦਾ ਅਹਿਸਾਸ ਕਰਨ ਲਗ ਜਾਂਦਾ ਹੈ, ਅਜਿਹਾ ਜੀਵਾਤਮਾ ਅਗਿਆਨੀ ਹੈ, ਸਹੀ ਮਾਰਗ ਤੋਂ ਖੁੰਝਿਆ ਹੋਇਆ ਹੈ। ਇਸ ਦੇ ਵਿਪਰੀਤ ਜੋ ਜੀਵਾਤਮਾ ਸਰੀਰ ਵਿਚ ਰਹਿੰਦਾ ਹੋਇਆ ਵੀ ਵਿਵੇਕ ਨਾਲ ਆਪਣੇ ਅਸਲੇ ਨਾਲ ਜੁੜਿਆ ਰਹਿੰਦਾ ਹੈ, ਆਪਣੇ ਮੂਲ ਤੋਂ ਭਲੀ ਭਾਂਤ ਪਰਿਚਿਤ ਹੈ ਅਤੇ ਉਸ ਨਾਲ ਜੁੜੇ ਰਹਿਣ ਲਈ ਧਰਮ ਸਾਧਨਾ ਵਿਚ ਮਗਨ ਰਹਿੰਦਾ ਹੈ। ਉਹ ਅਗਿਆਨ ਦੀ ਨੀਂਦਰ ਵਿਚ ਕਦੇ ਨਹੀਂ ਸੌਂਦਾ- "ਅੰਧਕਾਰ ਸੁਖਿ ਕਬਹਿ ਨ ਸੋਈ ਹੈ।" ਅਗਿਆਨੀ ਜੀਵ ਨੂੰ ਗਿਆਨੀ ਬਣਨ ਵਿਵੇਕ ਦਾ, ਗਿਆਨ ਦਾ ਸਹਾਰਾ ਲੈਣਾ ਪੈਂਦਾ ਹੈ। ਇਹ ਦੁਨੀਆਵੀ ਗਿਆਨ ਨਹੀਂ, ਹਨੇਰੀ ਵਗਦੀ ਹੈ ਤਾਂ ਭਰਮ ਦਾ ਛੱਪਰ ਉਡ ਪੁਡ ਜਾਂਦਾ ਹੈ-

ਦੇਖੌ ਭਾਈ ਗ੍ਹਾਨ ਕੀ ਆਈ ਆਂਧੀ।
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ।੧1। ਰਹਾਉ।
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ।
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ।
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ।[10]

ਅਗਿਆਨ ਅਵਿਦਿਆ ਅਥਵਾ ਮਾਯਾ ਦਾ ਬੋਧਕ ਹੈ। ਮਾਯਾ ਅਜਿਹੀ ਮਨਮੋਹਕ ਸ਼ਕਤੀ ਹੈ ਜਿਸ ਨੇ ਸੰਸਾਰ ਦੇ ਸਾਰੇ ਜੀਵਾਂ ਨੂੰ ਆਪਣੇ ਵਸ ਵਿਚ ਕੀਤਾ ਹੋਇਆ ਹੈ "ਜੇਤੇ ਜੀਆ ਤੇਤੇ ਡਹਕਾਈ।" ਪਰੰਤੂ ਭਗਤ ਕਬੀਰ ਇਤਨੇ ਸਸ਼ਕਤ ਸਾਧਕ ਸਨ ਕਿ ਉਹ ਆਪ ਸਦਾ ਮਾਯਾ ਦੇ ਪ੍ਰਭਾਵ ਤੋਂ ਮੁਕਤ ਰਹੇ ਹਨ। ਉਨ੍ਹਾਂ ਨੇ ਆਪਣੇ ਸਾਧਨਾ ਦੇ ਬਲ ਉਤੇ ਮਾਯਾ ਦੇ ਪ੍ਰਭਾਵਾਤਮਕ ਬੰਧਨਾਂ ਨੂੰ ਕਟ ਸੁਟਿਆ ਹੈ-

ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ।
ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ।[11]

ਇਸ ਤੋਂ ਇਲਾਵਾ ਕਬੀਰ ਜੀ ਨੇ ਮਾਯਾ ਨੂੰ ਨਾਗਨ, ਠਗਨੀ, ਠਗਉਰੀ, ਪਾਪਣੀ, ਘਾਤਣੀ ਆਦਿ ਨਾਵਾਂ ਨਾਲ ਚਿਤਰਿਆ ਹੈ। ਜੋ ਵਿਅਕਤੀ ਮਾਯਾ ਤੋਂ ਪ੍ਰਭਾਵਿਤ ਹੈ, ਉਹ ਅਗਿਆਨੀ ਹੈ ਅਤੇ ਜੋ ਇਸ ਦੇ ਪ੍ਰਭਾਵ ਤੋਂ ਪਰੇ ਹੈ ਉਹ ਗਿਆਨੀ ਹੈ। ਮਨੁੱਖ ਦੇ ਸਰੀਰ ਵਿਚ ਮਾਯਾ ਦੀ ਆਧਾਰ-ਭੂਮੀ ਮਨ ਹੈ। ਉਹ ਇਸੇ ਮਨ ਵਿਚ ਟਿਕਦੀ ਹੈ ਅਤੇ ਇਥੋਂ ਹੀ ਆਪਣੀ ਕ੍ਰਿਆ ਦਾ ਸੰਚਾਰ ਕਰਦੀ ਹੈ। ਜਦੋਂ ਉਹ ਮਨ ਦੇ ਆਸਨ ਉਤੇ ਬੈਠਦੀ ਹੈ, ਤਾਂ ਮਨ ਚੰਚਲ ਹੋ ਜਾਂਦਾ ਹੈ, ਚੰਚਲ ਮਨ ਤੋਂ ਹੀ ਸਾਰੇ ਵਿਕਾਰ ਪੈਦਾ ਹੁੰਦੇ ਹਨ। ਇਹ ਮਨ ਦਾ ਅੰਧਕਾਰਮਈ ਪੱਖ ਹੈ। ਮਨ ਦਾ ਦੂਜਾ ਰੂਪ, ਜੋ ਮਾਯਾ ਤੋਂ ਮੁਕਤ ਹੈ, ਪ੍ਰਕਾਸ਼ਮਈ ਹੈ। ਗੁਰੂ ਦੀ ਕਿਰਪਾ ਦੁਆਰਾ ਜਦੋਂ ਮਨ ਵਿਚ ਗਿਆਨ ਦਾ ਪ੍ਰਵੇਸ਼ ਹੁੰਦਾ ਹੈ, ਉਸ ਦੀ ਸਥਿਤੀ ਅੰਧਕਾਰ ਤੋਂ ਪ੍ਰਕਾਸ਼ ਵਲ ਬਦਲ ਜਾਂਦੀ ਹੈ। ਇਸ ਅਵਸਥਾ ਨੂੰ ਸੰਤਾਂ ਨੇ ਪ੍ਰਕਾਸ਼ਮਈ ਮਨ ਦੁਆਰਾ ਅੰਧਕਾਰਮਈ ਮਨ ਨੂੰ ਮਾਰਨਾ ਕਿਹਾ ਹੈ-

ਮਮਾ ਮਨ ਸਿਉ ਕਾਜੁ ਹੈ ਮਨੁ ਸਾਧੇ ਸਿਧਿ ਹੋਇ।
ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ।[12]

ਜੀਵਾਤਮਾ ਪਰਮਾਤਮਾ ਦਾ ਅੰਸ਼ ਹੁੰਦੇ ਹੋਇਆ ਵੀ ਪ੍ਰਭੂ ਦੇ ਵਸ ਵਿਚ ਹੈ, ਇਸ ਦੀ ਕੋਈ ਸੁਤੰਤਰ ਸੱਤਾ ਨਹੀਂ। ਇਹ ਉਹੀ ਕੁਝ ਕਰਦਾ ਹੈ ਜੋ ਪਰਮਾਤਮਾ ਕਰਾਉਂਦਾ ਹੈ। ਜੋ ਲੋਕ ਹਉਮੈ ਦੇ ਵਸ ਹੋ ਕੇ, ਜਾਂ ਮਨ ਅਨੁਸਾਰ ਚਲ ਕੇ ਅਧਿਆਤਮਿਕ ਉਨਤੀ ਕਰਨਾ ਚਾਹੁੰਦੇ ਹਨ, ਉਹ ਅਸਲ ਵਿਚ ਅਸਫਲਤਾ ਦੀ ਖੇਡ ਖੇਡ ਰਹੇ ਹਨ। ਉਹ ਜਿਸ ਮਾਰਗ ਉੱਤੇ ਪੈਰ ਧਰਦੇ ਹਨ, ਫਿਸਲ ਜਾਂਦੇ ਹਨ—

ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ।
ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ।[13]

## ਹਵਾਲੇ ਅਤੇ ਟਿੱਪਣੀਆਂ


1. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 655
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 483
3. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1162
4. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 339
5. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 340
6. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 477
7. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1349
8. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 871
9. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 882
10. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 331
11. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 476
12. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 342
13. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1369

ਡਾ. ਗੁਰਜੀਤ ਸਿੰਘ, ਅਸੈਸਟੈਂਟ ਪ੍ਰੋਫੈਸਰ, ਹੈੱਡ ਆਫ ਡਿਪਾਰਟਮੈਂਟ, ਰਿਲੀਜੀਅਸ ਸਟੱਡੀਜ, ਯੂਨੀਵਰਸਿਟੀ ਕਾਲਜ ਆਫ ਬੇਸਿਕ ਸਾਇੰਸ ਐਂਡ ਹਿਊਮਨਿਟੀਜ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ । 9463322722